# ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ, ਐਸ.ਐਸ.ਏ, ਪੰਜਾਬ

ਮੁੱਖ ਦਫ਼ਤਰ, ਐਸ.ਸੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-ਏ, ਚੰਡੀਗੜ੍ਹ

ਫੋਨ ਨੰ:- 0172-5015864-865, ਫੈਕਸ ਨੰ:- 0172-2624687,


ਵੱਲ:

1) ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਂ.ਸਿ/ਐ.ਸਿ), ਪੰਜਾਬ।
2) ਸਮੂਹ ਜ਼ਿਲਾ ਡੀ.ਆਰ.ਪੀ (ਗਣਿਤ, ਵਿਗਿਆਨ,ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ), ਪੰਜਾਬ।
3) ਸਮੂਹ ਸਕੂਲ ਮੁੱਖੀ, ਪੰਜਾਬ।
(ਨੋਟਿਸ ਬੋਰਡ ਅਤੇ ਵੈਬਸਾਇਟ ਰਾਹੀਂ)

**ਮੀਮੋ ਨੰ:-** ਸਸਅ/ਪੈਡਾਗੋਜੀ/2013/3855
**ਮਿਤੀ, ਚੰਡੀਗੜ੍ਹ: -** 22/2/2013

**ਵਿਸ਼ਾ:-** ਛੇਵੀਂ, ਸੱਤਵੀ ਅਤੇ ਅੱਠਵੀਂ ਦੇ ਵਿਦਿਆਰਥੀਆਂ ਦੇ ਗਣਿਤ, ਵਿਗਿਆਨ, ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਵਿਸ਼ਿਆਂ ਦਾ ਪੋਸਟ ਲਾਈਨ ਮੁਲਾਂਕਣ ਕਰਨ ਸਬੰਧੀ।

**1.0** ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

**2.0** ਸਿੱਖਿਆ ਵਿਭਾਗ ਪੰਜਾਬ, ਵੱਲੋਂ ਵਿਦਿਆਰਥੀਆਂ ਵਿੱਚ ਗਣਿਤ, ਵਿਗਿਆਨ, ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਦਾ ਪੱਧਰ ਚੁੱਕਣ ਅਤੇ ਗੁਣਾਤਮਕ ਸੁਧਾਰ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਤਹਿਤ ਪੰਜਾਬ ਦੇ ਸਮੂਹ ਜ਼ਿਲਿਆਂ ਵਿਚ ਉਪਰੋਕਤ ਵਿਸ਼ਿਆਂ ਦੇ ਅਧਿਆਪਕਾਂ ਵਲੋ ਬਹੁਤ ਮਿਹਨਤ ਕਰਵਾਈ ਜਾ ਰਹੀ ਹੈ। ਉਪਰੋਕਤ ਵਿਸ਼ਿਆਂ ਤੇ ਛੇਵੀਂ, ਸਤਵੀਂ ਅਤੇ ਅੱਠਵੀਂ ਦੇ ਵਿਦਿਆਰਥੀਆਂ ਦਾ ਬੇਸਲਾਇਨ ਮੁਲਾਂਕਣ ਦੰਸਬਰ 2012 ਵਿਚ ਕਰਵਾਇਆ ਗਿਆ ਸੀ। ਜਿਸ ਦੇ ਅਧਾਰ ਤੇ ਸਬੰਧਤ ਅਧਿਆਪਕਾਂ ਵਲੋਂ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲਿਆ ਗਿਆ ਸੀ।

**3.0** ਬੇਸਲਾਇਨ ਮੁਲਾਂਕਣ ਦੇ ਨਤੀਜਿਆਂ ਦੇ ਅਧਾਰ ਤੇ ਅਧਿਆਪਕਾਂ ਵਲੋਂ ਬਹੁਤ ਹੀ ਸੁਹਿਰਦਤਾ ਨਾਲ ਮਿਹਨਤ ਕਰਦੇ ਹੋਏ ਇਹਨਾਂ ਵਿਸ਼ਿਆਂ ਵਿਚ ਬੱਚਿਆਂ ਦੀ ਵਿਦਿਆ ਦੇ ਪੱਧਰ ਦਾ ਗੁਣਾਤਮਕ ਸੁਧਾਰ ਕਰਨ ਲਈ ਉਪਰਾਲੇ ਕੀਤੇ ਗਏ ਹਨ।

**4.0** ਅਧਿਆਪਕਾਂ ਵਲੋਂ ਮੰਗ ਕੀਤੀ ਗਈ ਹੈ ਕਿ ਬੇਸਲਾਇਨ ਮੁਲਾਂਕਣ ਉਪਰੰਤ ਉਹਨਾਂ ਵਲੋਂ ਅਤੇ ਵਿਦਿਆਰਥੀਆਂ ਵਲੋਂ ਮਿਹਨਤ ਕਰਕੇ/ਕਰਵਾਕੇ ਇਹਨਾਂ ਵਿਸ਼ਿਆਂ ਦੇ ਮੂਲ ਸਰੋਤਾਂ ਦੇ ਗਿਆਨ ਵਿਚ ਜੋ ਵਾਧਾ ਕੀਤਾ ਗਿਆ ਹੈ, ਉਸਦਾ ਪੋਸਟ ਲਾਇਨ ਮੁਲਾਂਕਣ ਕਰਕੇ ਇਹ ਜਾਨਣ ਦੀ ਲੋੜ ਹੈ ਕਿ ਉਸ ਵਿਚ ਕਿੰਨ੍ਹਾ ਨਿਖਾਰ ਆਇਆ ਹੈ ਤਾਂ ਜੋ ਇਸ ਸੰਬੰਧੀ ਆਉਣ ਵਾਲੇ ਸਮੇਂ ਵਿਚ ਹੋਰ ਜ਼ਰੂਰੀ ਕਦਮ ਉਠਾਏ ਜਾ ਸਕਣ।

**5.0** ਉੱਕਤ ਨੂੰ ਮੁੱਖ ਰਖਦੇ ਹੋਏ ਮੁੱਖ ਦਫ਼ਤਰ ਵਲੋਂ ਛੇਵੀਂ, ਸੱਤਵੀਂ ਅਤੇ ਅੱਠਵੀਂ ਦੇ ਉਪਰੋਕਤ ਵਿਸ਼ਿਆਂ ਦਾ ਪੋਸਟ ਲਾਇਨ ਮੁਲਾਕਣ ਕਰਨ ਹਿੱਤ ਵਿਭਾਗ ਦੀ ਵੈਬਸਾਇਟ ਤੇ ਚਾਰੋਂ ਵਿਸ਼ਿਆਂ ਦੇ ਮੁਲਾਂਕਣ ਟੂਲਜ਼ ਭੇਜੇ ਜਾ ਰਹੇ ਹਨ।

**6.0** ਸੰਬੰਧਤ ਸਕੂਲਾਂ ਦੇ ਮੁੱਖੀ ਸਾਹਿਬਾਨ ਜੇਕਰ ਇਹਨਾਂ ਵਿਸ਼ਿਆਂ ਵਿਚ ਆਪਣੇ ਵਿਦਿਆਰਥੀਆਂ ਦਾ ਪੋਸਟ ਲਾਇਨ ਮੁਲਾਕਣ ਕਰਵਾ ਕੇ ਇਹਨਾਂ ਦਾ ਪੱਧਰ ਜਾਨਣਾ ਚਾਹੁੰਦੇ ਹਨ ਤਾਂ ਉਹ ਇਹਨਾਂ ਵਿਚੋਂ ਕਿਸੇ ਵੀ ਇੱਕ-ਇੱਕ ਮੁਲਾਂਕਣ ਟੂਲ ਰਾਹੀਂ ਸੰਬੰਧਤ ਅਧਿਆਪਕ ਵਲੋਂ ਮੁਲਾਂਕਣ ਕਰਵਾ ਸਕਦੇ ਹਨ।

**7.0** ਇਹ ਪੋਸਟ ਲਾਇਨ ਮੁਲਾਕਣ SA-II ਤੋਂ ਪਹਿਲਾਂ ਕਰਵਾਇਆ ਜਾ ਸਕਦਾ ਹੈ। ਇਸ ਦਾ ਰਿਕਾਰਡ ਮੁੱਖ ਦਫਤਰ ਵਲੋ ਪਹਿਲਾਂ ਭੇਜੇ ਗਏ ਵਿਸ਼ਾ ਮੁਤਾਬਿਕ ਪ੍ਰਫਾਰਮਿਆਂ ਅਨੁਸਾਰ ਅਪਣੇ ਕੋਲ ਹੀ ਰੱਖ ਲਿਆ ਜਾਵੇ।

**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**